# ਗਰੇਟਰ ਮੋਹਾਲੀ ਏਰੀਆ ਡਿਵੈੱਲਪਮੈਂਟ ਅਥਾਰਟੀ

## ਪੁੱਡਾ ਭਵਨ, ਸੈਕਟਰ-62, ਐੱਸ.ਏ.ਐੱਸ. ਨਗਰ।

## ਜਨਤਕ ਸੂਚਨਾ

ਪੂਰਬ ਪ੍ਰੀਮੀਅਮ ਅਪਾਰਟਮੈਂਟਸ, ਸੈਕਟਰ-88, ਐਸ.ਏ.ਐਸ.ਨਗਰ ਦੇ ਉਹਨਾਂ ਅਲਾਟੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਹਨਾਂ ਅਲਾਟੀਆਂ ਵੱਲੋਂ ਲੈਟਰ ਆਫ ਇੰਟੈਂਟ ਦੀਆਂ ਸਰਤਾਂ ਅਨੁਸਾਰ 95% ਰਕਮ ਕਿਸਤਾਂ ਵਿੱਚ ਜਮ੍ਹਾਂ ਕਰਵਾਈ ਹੋਈ ਹੈ ਪ੍ਰੰਤੂ ਇਹ ਕਿਸਤਾਂ 12 ਮਹੀਨਿਆਂ ਤੋਂ ਜਿਆਦਾ ਦੀ ਦੇਰੀ ਨਾਲ ਜਮ੍ਹਾਂ ਕਰਵਾਈ ਗਈ ਸੀ ਜਿਸ ਕਾਰਨ ਅਲਾਟੀ ਨੂੰ ਅਲਾਟਮੈਂਟ-ਕਮ-ਪੋਜੈਸਨ ਪੱਤਰ ਜਾਰੀ ਨਹੀਂ ਕੀਤਾ ਗਿਆ ਸੀ।

ਮਾਨਯੋਗ ਮੁੱਖ ਮੰਤਰੀ, ਪੰਜਾਬ-ਅਤੇ-ਚੇਅਰਮੈਨ, ਗਮਾਡਾ ਜੀ ਵੱਲੋਂ ਇਹਨਾਂ ਕੇਸਾਂ ਵਿੱਚ ਡਿਲੇ ਪੀਰੀਅਡ ਨੂੰ ਪਾਲਿਸੀ ਅਨੁਸਾਰ (18% interest) ਦੰਡ/ ਵਿਆਜ ਲੈ ਕੇ ਡਿਲੇ ਕੰਡੋਨ ਕਰਨ ਦੇ ਹੁਕਮ ਕੀਤੇ ਗਏ ਹਨ। ਮਾਨਯੋਗ ਮੁੱਖ ਮੰਤਰੀ, ਪੰਜਾਬ-ਕਮ-ਚੇਅਰਮੈਨ, ਗਮਾਡਾ ਜੀ ਦੇ ਹੁਕਮਾਂ ਅਨੁਸਾਰ ਅਜਿਹੇ ਅਲਾਟੀ ਆਪਣੇ ਫਲੈਟ ਵਿਰੁੱਧ ਬਣਦੀ ਬਕਾਇਆ ਰਕਮ ਡਿਮਾਂਡ ਨੋਟਿਸ ਜਾਰੀ ਹੋਣ ਦੀ ਮਿਤੀ ਤੋਂ ਇੱਕ ਮਹੀਨੇ ਵਿੱਚ ਜਮ੍ਹਾਂ ਕਰਵਾ ਸਕਦੇ ਹਨ। ਫਲੈਟ ਵਿਰੁੱਧ ਬਕਾਇਆ ਰਕਮ ਜਮ੍ਹਾਂ ਕਰਵਾਉਣ ਉਪਰੰਤ ਹੀ ਅਲਾਟਮੈਂਟ ਪੱਤਰ ਜਾਰੀ ਕੀਤੇ ਜਾਣਗੇ। ਜੇਕਰ ਜਮ੍ਹਾਂ ਰਕਮ ਵਿੱਚ ਕੋਈ ਫਰਕ ਹੈ ਤਾਂ ਇਸ ਸਬੰਧੀ ਦਸਤਾਵੇਜੀ ਸਬੂਤ ਦਫਤਰ ਵਿੱਚ ਪੇਸ ਕੀਤੇ ਜਾਣ। ਇਥੇ ਇਹ ਵੀ ਸਪੱਸਟ ਕੀਤਾ ਜਾਂਦਾ ਹੈ ਕਿ ਇਹਨਾਂ ਅਲਾਟੀਆਂ ਨੂੰ ਬਰੋਸਰ ਦੀ ਸਰਤ ਜੋ ਕਿ ਹੇਠ ਅਨੁਸਾਰ ਹੈ:-

> " Possession of apartment shall be handed over to the allottee after completion of development works at site in a period of 36 months from the date of issuance of Letter of intent. In case for any reason, the Authority is unable to deliver the possession of apartments within stipulated period, allottee shall have the right to withdraw from the scheme by moving an application to the Estate Officer, in which case, the Authority shall refund the entire amount deposited by the applicant alongwith 8% interest compounded annually. Apart from this, there shall be no other liability of the Authority."

ਦੇ ਸਨਮੁੱਖ ਜੇਕਰ ਉਹ ਕਬਜੇ ਵਿੱਚ ਦੇਰੀ ਹੋਣ ਕਰਕੇ 8% ਵਿਆਜ ਸਮੇਤ ਰਿਫੰਡ ਦੀ ਮੰਗ ਕਰਦੇ ਹਨ ਤਾਂ ਉਹਨਾਂ ਨੂੰ 8% ਵਿਆਜ ਦਾ ਲਾਭ ਨਹੀਂ ਦਿੱਤਾ ਜਾਵੇਗਾ ਅਤੇ ਉਹਨਾਂ ਅਲਾਟੀਆਂ ਨੂੰ ਰਿਫੰਡ ਦੀ ਕਾਰਵਾਈ ਪੰਜਾਬ ਰਿਜਨਲ ਐਂਡ ਟਾਊਨ ਪਲੈਨਿੰਗ ਐਂਡ ਡਿਵੈਲਪਮੈਂਟ ਐਕਟ 1995 ਦੀ ਧਾਰਾ 45 (3) ਅਤੇ ਐਲ.ਓ.ਆਈ. ਦੀ ਸਰਤ ਨੰ: 5 (VII ) ਅਨੁਸਾਰ ਹੀ ਕੀਤੀ ਜਾਵੇਗੀ।

ਉਪਰੋਕਤ ਤਜਵੀਜ ਅਨੁਸਾਰ ਜਿਹੜੇ ਅਲਾਟੀ ਰਕਮ ਜਮ੍ਹਾਂ ਨਹੀਂ ਕਰਵਾਉਣਗੇ, ਉਹਨਾਂ ਨੂੰ ਇਸ ਉਪਰੰਤ ਰਕਮ ਜਮ੍ਹਾਂ ਕਰਵਾਉਣ ਲਈ ਕੋਈ ਹੋਰ ਸਮਾਂ ਨਹੀਂ ਦਿੱਤਾ ਜਾਵੇਗਾ ਅਤੇ ਪੰਜਾਬ ਰਿਜਨਲ ਐਂਡ ਟਾਊਨ ਪਲੈਨਿੰਗ ਐਂਡ ਡਿਵੈਲਪਮੈਟ ਐਕਟ -1995 ਅਤੇ ਐਲ.ਓ.ਆਈ. ਦੀ ਸਰਤ ਨੰ: 5 (VII) ਅਨੁਸਾਰ ਅਲਾਟਮੈਂਟ ਰੱਦ ਕਰਨ ਦੀ ਕਾਰਵਾਈ ਕੀਤੀ ਜਾਵੇਗੀ।

ਜੇਕਰ ਫਿਰ ਵੀ ਕੋਈ ਸਪੱਸਟੀਕਰਨ ਚਾਹੀਦਾ ਹੈ ਤਾਂ ਟੈਲੀਫੋਨ ਨੰਬਰ - 0172-2215311 ਤੇ ਤਾਲਮੇਲ ਕੀਤਾ ਜਾ ਸਕਦਾ ਹੈ ਜਾਂ eoh@gmada.gov.in ਤੇ ਈ.ਮੇਲ ਰਾਹੀਂ ਸੂਚਨਾ ਪ੍ਰਾਪਤ ਕੀਤੀ ਜਾ ਸਕਦੀ ਹੈ।

06/06/17

ਮਿਲਖ ਅਫਸਰ (ਹਾਊਸਿੰਗ)
ਗਮਾਡਾ, ਐਸ.ਏ.ਐਸ.ਨਗਰ।
31-05-2017